














ਪ੍ਰੈੱਸ ਇਨਫਰਮੇਸ਼ਨ ਬਿਊਰੋ ਵੱਲੋਂ ਸਮਾਜਕ ਅਤੇ ਬੁਨਿਆਦੀ ਢਾਂਚੇ ਦੀ ਉਸਾਰੀ ਨਾਲ ਸਬੰਧਿਤ ਮੁੱਦਿਆਂ ਬਾਰੇ

# ਸ਼੍ਰੀਨਗਰ ਵਿੱਚ ਸੰਪਾਦਕਾਂ ਦੀ ਤੀਸਰੀ ਸਰਵ ਭਾਰਤੀ ਕਾਨਫਰੰਸ ਦਾ ਸਫ਼ਲ ਆਯੋਜਨ

## ਕਾਨਫਰੰਸ ਵਿੱਚ ਪੰਜਾਬ 'ਚੋਂ ਸਿਰਫ਼ 'ਅੱਜ ਦੀ ਆਵਾਜ਼' ਨੂੰ ਸੱਦਾ

## ਪੱਤਰਕਾਰਾਂ ਨੂੰ ਟੋਲ ਟੈਕਸ ਤੋਂ ਕੌਮੀ ਪੱਧਰ 'ਤੇ ਛੋਟ ਮਿਲੇਗੀ

**ਸ਼੍ਰੀਨਗਰ, 23 ਅਕਤੂਬਰ (ਬਲਜੀਤ ਸਿੰਘ ਬਰਾੜ)**-ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਹੇਠ ਕੰਮ ਕਰਦੀ ਪ੍ਰੈੱਸ ਇਨਫਰਮੇਸ਼ਨ ਬਿਊਰੋ ਵੱਲੋਂ ਜੰਮੂ ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ ਵਿਖੇ 13 ਅਤੇ 14 ਅਕਤੂਬਰ ਨੂੰ ਸਮਾਜਕ ਅਤੇ ਬੁਨਿਆਦੀ ਢਾਂਚੇ ਦੀ ਉਸਾਰੀ ਨਾਲ ਸਬੰਧਿਤ ਮੁੱਦਿਆਂ ਉਪਰ ਸੰਪਾਦਕਾਂ ਦੀ ਤੀਸਰੀ ਸਰਵ ਭਾਰਤੀ ਕਾਨਫਰੰਸ ਬੇਹੱਦ ਸਫ਼ਲ ਰਹੀ। ਇਸ ਕਾਨਫਰੰਸ ਵਿੱਚ ਦੇਸ਼ ਭਰ ਤੋਂ ਵੱਖ-ਵੱਖ ਭਾਸ਼ਾਵਾਂ ਦੇ ਚਾਰ ਦਰਜਨ ਦੇ ਕਰੀਬ ਪ੍ਰਮੁੱਖ ਅਖ਼ਬਾਰਾਂ ਅਤੇ ਦੂਸਰੇ ਮੀਡੀਆ ਅਦਾਰਿਆਂ ਦੇ ਪ੍ਰਮੁੱਖ ਸੰਪਾਦਕਾਂ ਨੇ ਹਿੱਸਾ ਲਿਆ। ਕਾਨਫਰੰਸ ਵਿੱਚ ਕਸ਼ਮੀਰ ਦੇ ਪ੍ਰਮੁੱਖ ਮੀਡੀਆ ਅਦਾਰਿਆਂ ਦੇ ਮੁਖੀ ਵੀ ਸ਼ਾਮਲ ਹੋਏ। ਇਹ ਕਾਨਫਰੰਸ ਜੰਮੂ ਕਸ਼ਮੀਰ ਸਰਕਾਰ ਦੇ ਸੂਚਨਾ ਵਿਭਾਗ ਦੀ ਮਦਦ ਨਾਲ ਨੇਪਰੇ ਚਾੜ੍ਹੀ ਗਈ। ਪੀ. ਆਈ. ਬੀ. ਦੀ ਨਵੀਂ ਮੁਖੀ ਮੈਡਮ ਨੀਲਮ ਕਪੂਰ ਦੀ ਅਗਵਾਈ ਹੇਠ ਹੋਈ ਇਸ ਪਹਿਲੀ ਕਾਨਫਰੰਸ ਨੂੰ ਬੇਹੱਦ ਸਫ਼ਲ ਕਰਾਰ ਦਿੱਤਾ ਜਾ ਸਕਦਾ ਹੈ। ਇਸ ਕਾਨਫਰੰਸ ਵਿੱਚ ਸ਼ਾਮਲ ਸੰਪਾਦਕਾਂ ਨੇ ਸਮਾਜਕ ਮੰਤਰਾਲਿਆਂ ਨਾਲ ਸਬੰਧਿਤ ਕੇਂਦਰੀ ਮੰਤਰੀਆਂ, ਪ੍ਰਮੁੱਖ ਸਕੱਤਰਾਂ ਅਤੇ ਜੰਮੂ ਕਸ਼ਮੀਰ ਸਰਕਾਰ ਦੇ ਪ੍ਰਮੁੱਖ ਵਿਭਾਗਾਂ ਦੇ ਮੁਖੀਆਂ ਨਾਲ ਸਿੱਧੀ ਵਿਚਾਰ ਚਰਚਾ ਕੀਤੀ। ਕਾਨਫਰੰਸ ਵਿੱਚ ਸੰਪਾਦਕਾਂ ਨੂੰ ਕੇਂਦਰੀ ਸੂਚਨਾਂ ਅਤੇ ਪ੍ਰਸਾਰਣ ਮੰਤਰੀ ਸ੍ਰੀਮਤੀ ਅੰਬਿਕਾ ਸੋਨੀ, ਜੰਮੂ ਕਸ਼ਮੀਰ ਦੇ ਨੌਜਵਾਨ ਮੁੱਖ ਮੰਤਰੀ ਸ੍ਰੀ ਉਮਰ ਅਬਦੁੱਲਾ ਅਤੇ ਉਪ ਮੁੱਖ ਮੰਤਰੀ ਸ੍ਰੀ ਤਾਰਾ ਚੰਦ ਦੀ ਪ੍ਰਾਹੁਣਚਾਰੀ ਦਾ ਨਿੱਘ ਵੀ ਮਾਨਣ ਨੂੰ ਮਿਲਿਆ। ਜੰਮੂ ਕਸ਼ਮੀਰ ਸਰਕਾਰ ਦੇ ਵੱਖ ਵੱਖ ਵਿਭਾਗਾਂ ਵੱਲੋਂ ਸੰਪਾਦਕਾਂ ਦੀ ਖ਼ਾਤਰਦਾਰੀ ਅਤੇ ਸੈਰ ਸਪਾਟੇ ਲਈ ਕੋਈ ਕਸਰ ਨਹੀਂ ਛੱਡੀ ਗਈ।

ਦੇਸ਼ ਦੇ ਵੱਖ ਵੱਖ ਭਾਗਾਂ ਵਿੱਚੋਂ ਸੰਪਾਦਕ 12 ਅਕਤੂਬਰ ਨੂੰ ਹਵਾਈ ਸੇਵਾ ਰਾਹੀਂ ਸ੍ਰੀਨਗਰ ਪੁੱਜ ਗਏ ਸਨ। ਸ੍ਰੀਨਗਰ ਦੇ ਸ਼ੇਰੇ ਕਸ਼ਮੀਰ ਇੰਟਰਨੈਸ਼ਨਲ ਕੰਨਵੈਂਨਸ਼ਨ ਸੈਂਟਰ ਵਿਖੇ ਹੋਈ ਇਸ ਦੋ ਰੋਜ਼ਾ ਕੌਮੀ ਕਾਨਫਰੰਸ ਦਾ ਉਦਘਾਟਨ ਬੇਹੱਦ ਪ੍ਰਭਾਵਸ਼ਾਲੀ ਸੀ। ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਸ੍ਰੀਮਤੀ ਅੰਬਿਕਾ ਸੋਨੀ ਨੇ ਆਰੰਭਿਕ ਸੈਸ਼ਨ ਵਿੱਚ ਸਰਕਾਰ ਦੀ ਮੀਡੀਆ ਪ੍ਰਤੀ ਨੀਤੀ ਬਾਰੇ ਖੁੱਲ੍ਹ ਕੇ ਚਾਨਣਾ ਪਾਇਆ। ਉਨ੍ਹਾ ਕਿਹਾ ਕਿ ਸਰਕਾਰ ਮੀਡੀਆ ਦੇ ਕੰਮ ਵਿੱਚ ਕਿਸੇ ਤਰ੍ਹਾਂ ਦੀ ਕੋਈ ਦਖ਼ਲ-ਅੰਦਾਜ਼ੀ ਕਰਨ ਦਾ ਇਰਾਦਾ ਨਹੀਂ ਰੱਖਦੀ। ਇਸ ਮੌਕੇ 'ਤੇ ਸਨਮਾਨਯੋਗ ਮਹਿਮਾਨ ਵਜੋਂ ਹਾਜ਼ਰੀ ਭਰ ਰਹੇ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਸ੍ਰੀ ਉਮਰ ਅਬਦੁੱਲਾ ਨੇ ਸੰਪਾਦਕਾਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਨੂੰ ਇਸ ਮੌਕੇ 'ਤੇ ਕਸ਼ਮੀਰੀ ਲੋਕਾਂ ਦੀਆਂ ਭਾਵਨਾਵਾਂ ਪ੍ਰਗਟ ਕਰਨ ਤੋਂ ਗੁਰੇਜ਼ ਨਹੀਂ ਕੀਤਾ। ਆਪਣੇ ਪਿਤਾ ਅਤੇ ਸਮਾਗਮ ਦੇ ਮੁੱਖ ਮਹਿਮਾਨ ਕੇਂਦਰੀ ਨਵ-ਊਰਜਾ ਮੰਤਰੀ ਡਾ. ਫਾਰੂਖ ਅਬਦੁੱਲਾ ਦੀ ਹਾਜ਼ਰੀ ਵਿੱਚ ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਕਸ਼ਮੀਰ ਵੱਲ ਵਿਸ਼ੇਸ਼ ਤਵੱਜੋਂ ਦੇਵੇ। ਇਸ ਮੌਕੇ 'ਤੇ ਪੀ. ਆਈ. ਬੀ. ਦੀ ਡਾਇਰੈਕਟਰ ਜਨਰਲ ਮੈਡਮ ਨੀਲਮ ਕਪੂਰ ਨੇ ਧੰਨਵਾਦੀ ਸ਼ਬਦ ਕਹੇ। ਉਦਘਾਟਨੀ ਸਮਾਗਮ ਤੋਂ ਬਾਅਦ ਹੋਏ ਪਹਿਲੇ ਸ਼ੈਸ਼ਨ ਵਿੱਚ ਘੱਟ ਗਿਣਤੀਆਂ ਨਾਲ ਸਬੰਧਿਤ ਮੰਤਰਾਲੇ ਦੇ ਕੇਂਦਰੀ ਮੰਤਰੀ ਸ੍ਰੀ ਸਲਮਾਨ ਖੁਰਸ਼ੀਦ ਸੰਪਾਦਕਾਂ ਦੇ ਰੂ-ਬ-ਰੂ ਹੋਏ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਸਚਰ ਕਮੇਟੀਆਂ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੈ। ਉਨ੍ਹਾਂ ਮੁਤਾਬਿਕ ਘੱਟ ਗਿਣਤੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਸਰਕਾਰ ਨੇ ਇਸ ਸਬੰਧੀ ਸੱਠ ਨੁਕਾਤੀ ਪ੍ਰੋਗਰਾਮ ਬਣਾਇਆ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਛੇਤੀ ਹੀ ਇੱਕ ਬਰਾਬਰੀ (ਇਕੂਲਿਟੀ) ਕਮਿਸ਼ਨ ਕਾਇਮ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿੱਚ ਬਿੱਲ ਨਵੰਬਰ ਮਹੀਨੇ 'ਚ ਸ਼ੁਰੂ ਹੋ ਰਹੇ ਪਾਰਲੀਮੈਂਟ ਦੇ ਸਮਾਗਮ ਵਿੱਚ ਰੱਖਿਆ ਜਾਵੇਗਾ।

ਇੱਕ ਹੋਰ ਸ਼ੈਸ਼ਨ ਵਿੱਚ ਕੇਂਦਰੀ ਸੜਕੀ ਆਵਾਜ਼ਾਈ ਮੰਤਰੀ ਸ੍ਰੀ ਆਰ. ਪੀ. ਐਨ. ਸਿੰਘ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਨਵੀਂ ਕੇਂਦਰੀ ਟੋਲ ਟੈਕਸ ਨੀਤੀ ਤਿਆਰ ਕੀਤੀ ਜਾ ਰਹੀ ਹੈ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਭਰੋਸਾ ਦਿੱਤਾ ਕਿ ਨਵੀਂ ਟੋਲ ਟੈਕਸ ਨੀਤੀ ਵਿੱਚ ਸੰਪਾਦਕਾਂ/ਪੱਤਰਕਾਰਾਂ ਨੂੰ ਟੋਲ ਟੈਕਸ ਤੋਂ ਛੋਟ ਦੇਣ ਬਾਰੇ ਵਿਚਾਰ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਜੰਮੂ ਤੋਂ ਸ੍ਰੀਨਗਰ ਤੱਕ ਪੁਰਾਣੇ ਮੁਗਲ ਮਾਰਗ ਦਾ ਮੁੜ ਨਿਰਮਾਣ ਕੀਤਾ ਜਾ ਰਿਹਾ ਹੈ, ਜਿਹੜਾ ਅਗਲੇ ਦੋ ਸਾਲਾਂ ਵਿੱਚ ਪੂਰਾ ਜਾਵੇਗਾ। ਇਸ ਸੜਕ ਦੇ ਬਣਨ ਨਾਲ ਜੰਮੂ ਤੋਂ ਸ੍ਰੀਨਗਰ ਦਾ ਪੈਂਡਾ ਲਗਭਗ 100 ਕਿਲੋਮੀਟਰ ਘੱਟ ਜਾਵੇਗਾ। ਇਸ ਸੜਕ ਉਪਰ ਖਰਚ ਹੋਣ ਵਾਲੇ ਸਾਰੇ 692 ਕਰੋੜ ਰੁਪਏ ਕੇਂਦਰ ਸਰਕਾਰ ਦੇ ਰਹੀ ਹੈ। ਸ਼ੈਸ਼ਨ ਤੋਂ ਬਾਅਦ ਸੰਪਾਦਕਾਂ ਨੂੰ ਸਰਕਾਰ ਵੱਲੋਂ ਬਣਾਏ ਗਏ ਨਵੇਂ ਗੋਲ-ਫ਼ਕੋਰਸ ਵਿੱਚ ਚਾਹ ਪਾਰਟੀ ਦਿੱਤੀ ਗਈ। ਇਸ ਗੋਲਫ਼-ਕੋਰਸ ਦੇ ਬਣਨ ਨਾਲ ਉਚ ਦਰਜੇ ਦੇ ਟੂਰਿਸਟਾਂ ਲਈ ਸ੍ਰੀਨਗਰ ਖਿੱਚ ਦਾ ਕੇਂਦਰ ਬਣ ਗਿਆ ਹੈ। ਇਸ ਸ਼ਾਮ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਵੱਲੋਂ ਸੰਪਾਦਕਾਂ ਦੇ ਮਾਣ ਵਿੱਚ ਰਾਤ ਦਾ ਖਾਣਾ ਦਿੱਤਾ ਗਿਆ।

14 ਅਕਤੂਬਰ ਦੀ ਦੁਪਹਿਰ ਤੱਕ ਤਿੰਨ ਸ਼ੈਸ਼ਨ ਕਰਵਾਏ ਗਏ। ਪਹਿਲੇ ਸ਼ੈਸ਼ਨ ਵਿੱਚ ਜੰਮੂ ਕਸ਼ਮੀਰ ਦੇ ਉਪ ਮੁੱਖ ਮੰਤਰੀ ਸ੍ਰੀ ਤਾਰਾ ਚੰਦ ਨੇ ਸੰਪਾਦਕਾਂ ਨਾਲ ਵਿਚਾਰ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਜੰਮੂ ਕਸ਼ਮੀਰ ਵਿੱਚ ਇਸ ਸਮੇਂ ਹਾਲਾਤ ਤੇਜ਼ੀ ਨਾਲ ਸੁਧਰ ਰਹੇ ਹਨ ਅਤੇ ਸਰਕਾਰ ਵਿਕਾਸ ਦੇ ਕੰਮਾਂ ਵੱਲੋ ਵਿਸ਼ੇਸ਼ ਧਿਆਨ ਦੇ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜੰਮੂ ਕਸ਼ਮੀਰ ਵਿੱਚ ਕਿਧਰੇ ਵੀ ਫਿਰਕੂ ਤਣਾਅ ਨਹੀਂ ਹੈ। ਉਨ੍ਹਾਂ ਮੁਤਾਬਿਕ ਸਰਕਾਰ ਬੇਹੱਦ ਮਜ਼ਬੂਤੀ ਨਾਲ ਸਥਿਤੀ ਉਪਰ ਕਾਬੂ ਪਾ ਰਹੀ ਹੈ। ਦੂਸਰੇ ਸ਼ੈਸਨ ਵਿੱਚ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਚਿੰਦਬਰਮ ਸੰਪਾਦਕਾਂ ਦੇ ਰੂ-ਬ-ਰੂ ਹੋਏ। ਇਸ ਸੈਸ਼ਨ ਵਿੱਚ ਉਨ੍ਹਾਂ ਨੇ ਪਹਿਲੀ ਵਾਰ ਇਹ ਐਲਾਨ ਕੀਤਾ ਕਿ ਸਰਕਾਰ ਕਸ਼ਮੀਰ ਮਸਲੇ ਦੇ ਹੱਲ ਲਈ ਸਾਰੀਆਂ ਸਬੰਧਿਤ ਧਿਰਾਂ ਨਾਲ ਬਿਨ੍ਹਾਂ ਕਿਸੇ ਰੌਲੇ-ਰੱਪੇ ਗੱਲਬਾਤ ਕਰਨ ਲਈ ਤਿਆਰ ਹੈ। ਦੁਪਹਿਰ ਦੇ ਖਾਣੇ ਬਾਅਦ ਜੰਮੂ ਕਸ਼ਮੀਰ ਦੇ ਸੈਰ ਸਪਾਟਾ ਵਿਭਾਗ ਵੱਲੋਂ ਹਿੱਲ ਸਟੇਸ਼ਨ ਗੁੱਲਮੁਰਗ ਲਿਜਾਇਆ ਗਿਆ। ਸਰਕਾਰ ਵੱਲੋਂ ਗੁਲਮੁਰਗ ਨੂੰ ਬੇਹੱਦ ਖੂਬਸੂਰਤ ਤਰੀਕੇ ਨਾਲ ਵਿਕਸਿਤ ਕੀਤਾ ਜਾ ਰਿਹਾ ਹੈ। ਸ੍ਰੀ ਨਗਰ ਤੋਂ ਗੁਲਮੁਰਗ ਤੱਕ ਚਾਰ ਮਾਰਗੀ ਸੜਕ ਉਸਾਰੀ ਅਧੀਨ ਹੈ। ਗੁਲਮੁਰਗ ਵਿਖੇ ਸੈਲਾਨੀਆਂ ਦੀ ਖਿੱਚ ਲਈ ਕਈ ਆਕਰਸ਼ਣ ਸਥਾਪਿਤ ਕੀਤੇ ਗਏ ਹਨ। ਸੰਪਾਦਕਾਂ ਨੂੰ ਇੱਥੇ ਸਰਕਾਰ ਵੱਲੋਂ ਬਣਾਏ ਗਏ ਗੰਡੋਲਾ ਰਾਈਡ ਦੀ ਸਵਾਰੀ ਕਰਵਾਈ ਗਈ। 15 ਅਕਤੂਬਰ ਨੂੰ ਸਵੇਰੇ ਡੱਲ ਅਤੇ ਹੋਰ ਝੀਲਾਂ ਦੀ ਸਾਂਭ ਸੰਭਾਲ ਕਰ ਰਹੀ ਜੇ. ਕੇ.ਲੇਕ ਐਂਡ ਵਾਟਰ-ਵੇਜ਼ ਡਿਵੈਲਪਮੈਂਟ ਅਥਾਰਟੀ ਵੱਲੋਂ ਡੱਲ ਝੀਲ ਦੀ ਸੈਰ ਕਰਵਾਈ ਗਈ। ਸਾਰੇ ਸੰਪਾਦਕਾ ਨੂੰ ਅਥਾਰਟੀ ਵੱਲੋਂ ਵਿਸ਼ੇਸ਼ ਮੋਟਰ ਬੋਟਾਂ ਵਿੱਚ ਘੁੰਮਾਇਆ ਗਿਆ। ਝੀਲ ਦੇ ਦੂਸਰੇ ਬੰਨ੍ਹੇ ਜਿੱਥੋਂ ਪਹਾੜਾਂ ਵੱਲੋਂ ਪਾਣੀ ਆਉਂਦਾ ਹੈ ਵਿਖੇ ਅਥਾਰਟੀ ਵੱਲੋਂ ਇੱਕ ਸ਼ਾਨਦਾਰ ਰੈਸਟੋਰੈਂਟ ਕਾਇਮ ਕੀਤਾ ਗਿਆ ਹੈ। ਸੰਪਾਦਕਾਂ ਨੇ ਇਸ ਰੈਸਟੋਰੈਂਟ ਵਿੱਚ ਅਥਾਰਟੀ ਦੇ ਉਪ ਚੇਅਰਮੈਨ ਜਨਾਬ ਇਰਫ਼ਾਨ ਯਸ਼ੀਨ ਅਤੇ ਕਾਰਜਕਾਰੀ ਇੰਜੀਨੀਅਰ ਸੈਫ਼ਤ ਐਚ. ਕਾਦਮੀ ਦੀ ਪ੍ਰਾਹੁਣਚਾਰੀ ਦਾ ਆਨੰਦ ਮਾਣਿਆ। ਡੱਲ ਝੀਲ ਨੂੰ ਸਾਫ਼ ਸੁਥਰਾ ਰੱਖਣ ਲਈ ਸਰਕਾਰ ਵੱਲੋਂ ਕੇਂਦਰ ਦੀ ਮਦਦ ਨਾਲ ਇੱਕ ਵੱਡਾ ਪ੍ਰੋਜੈਕਟ ਬਣਾਇਆ ਗਿਆ ਹੈ। ਇਸ ਪ੍ਰੋਜੈਕਟ ਤਹਿਤ ਡੱਲ ਝੀਲ ਵਿਖੇ ਰਹਿ ਰਹੇ 4 ਹਜ਼ਾਰ ਦੇ ਕਰੀਬ ਲੋਕਾਂ ਦਾ ਮੁੜ ਵਸੇਬਾ ਕੀਤਾ ਜਾਣਾ ਹੈ।

ਇਸ ਕਾਨਫਰੰਸ ਦੀ ਸਭ ਤੋਂ ਯਾਦਗਾਰ ਗੱਲ ਇਹ ਰਹੀ ਕਿ ਜੰਮੂ ਕਸ਼ਮੀਰ ਸਰਕਾਰ ਦੇ ਵੱਖ ਵਿਭਾਗਾਂ ਅਤੇ ਖੁੱਦ ਮੁੱਖ ਮੰਤਰੀ ਵੱਲੋਂ ਦਿੱਤੇ ਗਏ ਦੁਪਹਿਰ ਅਤੇ ਰਾਤ ਦੇ ਭੋਜਨਾਂ ਵਿੱਚ ਸ਼ਰਾਬ ਨਹੀਂ ਪਿਲਾਈ ਗਈ। ਬੇਸ਼ੱਕ ਜੰਮੂ ਕਸ਼ਮੀਰ ਵਿੱਚ ਸ਼ਰਾਬ ਪੀਣ ਉਪਰ ਕੋਈ ਪਾਬੰਦੀ ਨਹੀਂ ਹੈ ਪ੍ਰੰਤੂ ਸਰਕਾਰੀ ਪੱਧਰ 'ਤੇ ਸ਼ਰਾਬ ਦੀ ਵਰਤੋਂ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ ਹੈ। ਪੂਰੇ ਸ੍ਰੀਨਗਰ ਵਿੱਚ ਸ਼ਰਾਬ ਦੇ ਸਿਰਫ਼ 3 ਠੇਕੇ ਹੀ ਦੱਸੇ ਜਾਂਦੇ ਹਨ। ਪਾਰਟੀਆਂ ਵਿੱਚ ਸ਼ਰਾਬ ਪੀਣਾ ਉਥੇ ਸਲੀਕੇ ਦੇ ਉਲਟ ਮੰਨਿਆ ਜਾਂਦਾ ਹੈ। ਕਾਨਫੰਰਸ ਲਈ ਸੂਬਾ ਸਰਕਾਰ ਨੇ ਸੁਰੱਖਿਆ ਦੇ ਬੇਹੱਦ ਸਖ਼ਤ ਬੰਦੋਬਸਤ ਕੀਤੇ ਸਨ।

ਇੱਥੇ ਜ਼ਿਕਰਯੋਗ ਹੈ ਕਿ ਸੰਪਾਦਕਾਂ ਦੀ ਕਾਨਫਰੰਸ ਵਿੱਚ ਪੰਜਾਬ ਵਿੱਚੋਂ ਰੋਜ਼ਾਨਾ 'ਅੱਜ ਦੀ ਆਵਾਜ਼' ਨੂੰ ਹੀ ਨੁਮਾਇੰਦਗੀ ਕਰਨ ਦਾ ਮੌਕਾ ਮਿਲਿਆ। ਇਸ ਕਾਨਫਰੰਸ ਵਿੱਚ ਸ. ਬਲਜੀਤ ਸਿੰਘ ਬਰਾੜ ਇਕਲੌਤੇ ਪੰਜਾਬੀ ਅਤੇ ਸਿੱਖ ਡੈਲੀਗੇਟ ਸਨ। ਕਾਨਫਰੰਸ ਦੀ ਸਫ਼ਲਤਾ ਲਈ ਪੀ. ਆਈ. ਦੀ ਡਾਇਰੈਕਟਰ ਜਨਰਲ ਮੈਡਮ ਨੀਲਮ ਕਪੂਰ ਨੇ ਸੰਪਾਦਕਾਂ ਅਤੇ ਮੀਡੀਆ ਵੱਲੋਂ ਲਗਾਤਾਰ ਵਧਾਈਆਂ ਮਿਲ ਰਹੀਆਂ ਹਨ। ਉਨ੍ਹਾਂ ਦੀ ਅਗਵਾਈ ਹੇਠ ਪੀ. ਆਈ. ਬੀ. ਦੇ ਸਟਾਫ਼ ਨੇ ਇਸ ਕਾਨਫਰੰਸ ਨੂੰ ਇੱਕ ਵੱਡੇ ਮੀਡੀਆ ਈਵੈਂਟ ਵਿੱਚ ਬਦਲ ਦਿੱਤਾ। ਇਸ ਕਾਨਫਰੰਸ ਨੂੰ ਦੇਸ਼ ਵਿਦੇਸ਼ ਦੇ ਮੀਡੀਆ ਵੱਲੋਂ ਵੱਡੀ ਕਵਰੇਜ ਦਿੱਤੀ ਗਈ। ਮੈਡਮ ਕਪੂਰ ਦੀ ਅਗਵਾਈ ਹੇਠ ਪੀ. ਆਈ. ਬੀ. ਇੱਕ ਸੰਜੀਵ ਸੰਸਥਾ ਵਿੱਚ ਬਦਲਦੀ ਜਾਪ ਰਹੀ ਹੈ।











